# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ
## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ, ਚੰਡੀਗੜ੍ਹ ਫੋਨ ਨੰ: 0172-2623206, 2623207


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ),
ਪੰਜਾਬ।

ਮੀਮੋ ਨੰ:-ਡੀ.ਜੀ.ਐਸ.ਈ/ਆਰ.ਟੀ.ਈ./2011/ 90870-89
ਮਿਤੀ: ਚੰਡੀਗੜ੍ਹ 9.11.2011

ਵਿਸ਼ਾ:- ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੋਲਾਨਾ ਅਬੁਲ ਕਲਾਮ ਆਜਾਦ ਦੇ ਜਨਮ ਦਿਵਸ ਮਿਤੀ 11.11.2011 ਦੇ ਮੌਕੇ "ਸਿੱਖਿਆ ਦਾ ਅਧਿਕਾਰ" ਮੁਹਿੰਮ ਆਰੰਭ ਕਰਨ ਬਾਰੇ।

ਇਸ ਦਫਤਰ ਦੇ ਮੀਮੋਂ ਨੰਬਰ ਡੀ.ਜੀ.ਐਸ.ਈ/ਆਰ.ਟੀ.ਈ/2011/90749-68 ਮਿਤੀ 08.11.2011 ਦੀ ਲਗਾਤਾਰਤਾ ਵਿੱਚ।

ਆਪ ਦਾ ਧਿਆਨ ਹਵਾਲੇ ਅਧੀਨ ਪੱਤਰ ਵੱਲ ਦਵਾਉਂਦੇ ਹੋਏ ਇਹ ਲਿਖਿਆ ਜਾਂਦਾ ਹੈ ਕਿ ਮਾਨਯੋਗ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਜੀ ਦੇ ਸੰਦੇਸ਼ ਜੋ ਕਿ ਮਿਤੀ 11.11.2011 ਨੂੰ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੋਲਾਨਾ ਅਬੁਲ ਕਲਾਮ ਆਜਾਦ ਦੇ ਜਨਮ ਦਿਵਸ ਮੌਕੇ "ਸਿੱਖਿਆ ਦਾ ਅਧਿਕਾਰ" ਮੁਹਿੰਮ ਦਾ ਅਰੰਭ ਕਰਨ ਸਮੇਂ ਹਰ ਇਕ ਸਕੂਲ ਵਿੱਚ ਸਵੇਰੇ ਪ੍ਰਾਥਨਾਂ ਸਮੇਂ ਪ੍ਰਧਾਨ ਮੰਤਰੀ ਜੀ ਅਤੇ ਕੇਂਦਰੀ ਮਾਨਵ ਸੰਸਾਧਨ ਵਿਕਾਸ ਮੰਤਰੀ ਜੀ ਦੇ ਸੰਦੇਸ਼ ਨਾਲ ਪੜ੍ਹੇ ਜਾਣੇ ਹਨ ਉਹ ਨੋਟਿਸ ਬੋਰਡ ਰਾਹੀਂ ਭੇਜੇ ਜਾ ਚੁੱਕੇ ਹਨ। ਹੁਣ ਇਹਨਾਂ ਨੂੰ ਸਰਵ ਸਿੱਖਿਆ ਅਭਿਆਨ ਦੀ ਵੈੱਬ ਸਾਇਟ ਉੱਤੇ ਵੀ ਪਾ ਦਿੱਤਾ ਗਿਆ ਹੈ।

ਜ਼ਿਲ੍ਹਾ ਸਿੱਖਿਆ ਅਫਸਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸੈਂਟਰ ਹੈੱਡ ਟੀਚਰ ਅਤੇ ਸਕੂਲ ਦੇ ਮੁੱਖੀ/ਇੰਚਾਰਜ ਇਹ ਯਕੀਨੀ ਬਣਾਉਣਗੇ ਕਿ ਮਾਨਯੋਗ ਮੁੱਖ ਮੰਤਰੀ ਜੀ ਅਤੇ ਸਿੱਖਿਆ ਮੰਤਰੀ ਜੀ ਦੇ ਸੰਦੇਸ਼ ਦੀਆਂ ਕਾਪੀਆ ਡਾਊਨਲੋਡ ਕਰਕੇ ਹਰਿਕ ਸਕੂਲ ਵਿੱਚ ਸਵੇਰ ਦੀ ਪ੍ਰਾਥਾਨਾਂ ਸਮੇਂ ਪ੍ਰਧਾਨ ਮੰਤਰੀ ਜੀ ਅਤੇ ਕੇਂਦਰੀ ਮਾਨਵ ਸੰਸਾਧਨ ਵਿਕਾਸ ਮੰਤਰੀ ਜੀ ਦੇ ਸੰਦੇਸ਼ ਦੇ ਨਾਲ ਪੜ੍ਹੀਆਂ ਜਾਣ। ਇਹ ਜ਼ਿਲ੍ਹਾ ਸਿੱਖਿਆ ਅਫਸਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸੈਂਟਰ ਹੈੱਡ ਟੀਚਰ ਅਤੇ ਸਕੂਲ ਦੇ ਮੁੱਖੀ/ਇੰਚਾਰਜ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।